14038

Total Pages : 4

**PC–10627/M**

**D–26/2056**

RanbirCollege.eu5.org

**PUNJABI COMPULSORY—229**

**(Semester—IV)**

**Time : Three Hours]** **[Maximum Marks : 75**

**ਭਾਗ—ੳ**

I. ਹੇਠ ਲਿਖੀਆਂ ਕਵਿਤਾਵਾਂ ਵਿਚੋਂ ਕਿਸੇ *ਇਕ* ਕਵਿਤਾ ਦਾ ਸਾਰ ਲਿਖੋ :

ਮੱਤ-ਦਾਨ, ਬਿਰਛ ਨਾਲ ਲੈ ਕੇ ਤੁਰਨਾ, ਮਾਮੇ ਦੀ ਸ਼ਾਹਕੋਟ ਫ਼ੇਰੀ। 12

II. ਹੇਠ ਲਿਖੀਆਂ ਕਾਵਿ-ਟੁਕੜੀਆਂ ਵਿਚੋਂ ਕੋਈ ਦੋ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

(ੳ) ਪਰਲੋ ਤੇ ਨਹੀਂ ਆ ਜਾਵਣੀ ਜੇ ਤੂੰ ਰਿਹਾ ਪ੍ਰਧਾਨ ਨਾ।
ਤੇਰੇ ਸਹਾਰੇ ਟਿਕਿਆ ਟਟੀਹਰੀਏ ਅਸਮਾਨ ਨਾ।
ਦੇਸ਼ ਸੇਵਾ ਸੀ ਬਹਾਨਾ, ਉਹ ਵੀ ਹੁਣ ਪ੍ਰਵਾਨ ਨਾ।

Scanned by CamScanner

ਕਾਹਨੂੰ ਮਿਸਾਲਾਂ ਦੇਣੀਆਂ ਪ੍ਰਤੱਖ ਨੂੰ ਪਰਮਾਣ ਨਾ।
ਕਾਵਿ ਦੇ ਆਕਾਸ਼ ਦੀ ਜੇ ਸ਼ੁਧ ਹਵਾ ਤੂੰ ਮਾਨਣੀ,
ਤਾਂ ਲੀਡਰੀ ਦੇ ਟਿਬਿਆਂ ਦੀ ਛੱਡ ਮਿੱਟੀ ਛਾਨਣੀ।

(ਅ) ਅੰਨ-ਦਾਤਾ!

ਕਾਮੇ ਮਾਂ ਬਾਪ ਦਿੱਤੇ ਕਾਮੇ ਨੇ ਜੰਮ, ਕਾਮੇ ਦਾ ਕੰਮ ਹੈ ਸਰਿਫ਼ ਕੰਮ
ਬਾਕੀ ਵੀ ਤਾਂ ਕੰਮ ਕਰਦੈ ਇਹੋ ਹੀ ਚੰਮ
ਉਹ ਵੀ ਇਕ ਕੰਮ ਇਹ ਵੀ ਇਕ ਕੰਮ।

(ੲ) ਹਜ਼ਾਰਾਂ ਹੀ ਸਾਲਾਂ ਤੋਂ ਇਹ ਕਹਿਣ ਵਾਲੇ,
ਕਈ ਤੁਰ ਗਏ ਪਰ ਇਹ ਬਾਕੀ ਹੈ ਦੁਨੀਆਂ।
ਉਹ ਤੱਤਾਂ ਦੀ ਕੁਝ ਅਸਲੀਅਤ ਹੀ ਨਾ ਸਮਝੇ,
ਜੋ ਕਹਿੰਦੇ ਰਹੇ, ਫ਼ਾਨੀ ਖ਼ਾਕੀ ਹੈ ਦੁਨੀਆਂ।
ਬੜੇ ਪੇਚ ਖਾ ਖਾ ਦੇ ਚਲਦੀ ਹੈ ਦੁਨੀਆਂ,
ਇਹ ਮਰਦੀ ਨਹੀਂ ਪਰ ਬਦਲਦੀ ਹੈ ਦੁਨੀਆਂ।

(ਸ) ਰਾਤੀਂ ਮੇਰੇ ਸੁਪਨੇ 'ਚ
ਦਰਿਆ ਸਮੁੰਦਰ ਤੇ ਚੰਨ ਆ ਕੇ ਕਹਿੰਦੇ
ਬੰਦਾ ਬਣ
ਮੈਥੋਂ ਪਰਤ ਕੇ ਪੁੱਛ ਨਹੀਂ ਹੁੰਦਾ
ਇਹ ਬੰਦਾ ਕੀ ਹੁੰਦਾ? 2×6=12


Scanned by CamScanner

## ਭਾਗ—ਅ

III. ਹੇਠ ਲਿਖੇ ਅੰਗਰੇਜ਼ੀ ਪੈਰ੍ਹੇ ਦਾ ਪੰਜਾਬੀ ਅਨੁਵਾਦ ਕਰੋ :

Guru Nanak, the first Guru of the Sikhs, propagated the idea of oneness of God and a casteless society. He was a social revolutionary and the very essence of his mission was the erasing of the caste system to embrace all the humanity. His followers come from different religions and castes, attracted by the new spiritual awakening that he offered. In his wide travels, accompanied by his close companion Mardans, he set up sangats where everyone would sit together to pray and mediate, irrespective of their caste or creed. 9

IV. ਗੁਰਮੁਖੀ ਲਿੱਪੀ ਦੇ ਪਿਛੋਕੜ, ਨਿਰਮਾਣ-ਪ੍ਰਕਿਰਿਆ ਅਤੇ ਵਿਕਾਸ ਉੱਤੇ ਰੌਸ਼ਨੀ ਪਾਓ।

ਜਾਂ

ਪੰਜਾਬੀ ਸ਼ਬਦ-ਜੋੜਾਂ ਦੇ ਮੁੱਖ ਨਿਯਮਾਂ ਤੋਂ ਜਾਣੂੰ ਕਰਵਾਓ। 12

## ਭਾਗ—ੲ

V. ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਵਿਚ ਉੱਤਰ ਦਿਓ :

(a) ਗੁਰਮੁਖੀ ਲਿੱਪੀ ਦੇ ਅੱਖਰ ਮੁੱਖ ਤੌਰ 'ਤੇ ਕਿਹੜੀਆਂ ਲਿੱਪੀਆਂ ਤੋਂ ਲਏ ਗਏ ਕਹੇ ਜਾਂਦੇ ਹਨ?

(b) ਗੁਰਮੁਖੀ ਲਿੱਪੀ ਕਿਸ ਪੁਰਾਤਨ ਲਿੱਪੀ ਤੋਂ ਵਿਕਸਿਤ ਹੋਈ ਮੰਨੀ ਜਾਂਦੀ ਹੈ?



Scanned by CamScanner

(c) ਗੁਰਮੁਖੀ ਦੇ ਕਿਹੜੇ ਅੱਖਰ ਸੁਰਾਤਮਕਤਾ ਨੂੰ ਚਿੰਨ੍ਹਿਤ ਕਰਦੇ ਹਨ?

(d) ਗੁਰਮੁਖੀ ਵਿਚ ਕਿਹੜੇ ਲਿੱਪੀ ਚਿੰਨ੍ਹਾਂ ਦੀ ਵਰਤੋਂ ਹੁਣ ਬਹੁਤ ਘੱਟ ਹੁੰਦੀ ਹੈ?

(e) ਕਾਵਿ-ਰੰਗ ਪੁਸਤਕ ਦੇ ਸੰਪਾਦਕਾਂ ਦੇ ਨਾਂ ਲਿਖੋ।

(f) 'ਬੰਦੇ ਮਾਤ੍ਰਿਮ' ਕਿਸ ਦੀ ਲਿਖੀ ਕਵਿਤਾ ਹੈ?

(g) 'ਧਰਤੀ ਦੇ ਹੇਠਾਂ' ਕਿਸ ਦੀ ਲਿਖੀ ਕਵਿਤਾ ਹੈ?

(h) 'ਘਰ ਵਸਤਰ' ਕਿਸ ਦੀ ਲਿਖੀ ਕਵਿਤਾ ਹੈ?

(i) 'ਨਜ਼ਰ' ਕਿਸ ਦੀ ਲਿਖੀ ਕਵਿਤਾ ਹੈ?

(j) 'ਧੀਆਂ' ਕਿਸ ਦੀ ਲਿਖੀ ਕਵਿਤਾ ਹੈ?

(k) 'ਏਥੇ ਬੋਲਣ ਦੀ ਨਹੀਂ ਜਾਹ ਅੜਿਆ' ਕਵਿਤਾ ਦੇ ਸਿਰਲੇਖ ਤੋਂ ਕੀ ਭਾਵ ਹੈ?

(l) 'ਦੋ ਟੋਟਿਆਂ ਦੇ ਵਿਚ ਭੌਂ ਟੁੱਟੀ' ਕਵਿਤਾ ਵਿਚ ਖ਼ਲਕਤ ਕਿਹੜੇ ਦੋ ਧੜਿਆਂ ਵਿਚ ਵੰਡੀ ਹੋਈ ਹੈ?

(m) 'ਕੱਚੀਆਂ ਗੰਢਾਂ' ਕਵਿਤਾ ਵਿਚ ਕਿਹੜੀਆਂ ਗੰਢਾਂ ਦੀ ਗੱਲ ਕੀਤੀ ਗਈ ਹੈ?

(n) ਕਵਿਤਾ 'ਕਿਨਾਰੇ ਕਿਨਾਰੇ' ਵਿਚ ਕਿਨਾਰੇ ਕਿਨਾਰੇ ਤੁਰਨ ਦਾ ਕੀ ਭਾਵ ਹੈ?

(o) 'ਅਸੀਂ ਨਾਨਕ ਦੇ ਕੀ ਲਗਦੇ ਹਾਂ' ਕਵਿਤਾ ਵਿਚ ਨਾਨਕ ਦੇ ਘਰੋਂ ਜਾਣ ਦਾ ਕੀ ਉਦੇਸ਼ ਦੱਸਿਆ ਗਿਆ ਹੈ? $15 \times 2 = 30$

---



Scanned by CamScanner